ਜਮਾਤ +੨ ਵਿਸ਼ਾ ਲਾਜ਼ਮੀ ਪੰਜਾਬੀ

# ਵਗਦੇ ਪਾਣੀ

ਡਾ. ਦੀਵਾਨ ਸਿੰਘ ਕਾਲੇਪਾਣੀ



ਪਾਣੀ ਵਗਦੇ ਹੀ ਰਹਿਣ,
ਕਿ ਵਗਦੇ ਸੁੰਹਦੇ ਨੇ,
ਖੜ੍ਹੋਂਦੇ ਬੁੱਸਦੇ ਨੇ,
ਕਿ ਪਾਣੀ ਵਗਦੇ ਹੀ ਰਹਿਣ।

**ਪ੍ਰਸੰਗ :-** ਇਹ ਕਾਵਿ-ਬੰਦ ਪੁਸਤਕ 'ਲਾਜ਼ਮੀ ਪੰਜਾਬੀ- 12' ਵਿੱਚ ਸੰਗ੍ਰਹਿਤ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਲਿਖੀ ਹੋਈ ਕਵਿਤਾ 'ਵਗਦੇ ਪਾਣੀ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਗਤੀਸ਼ੀਲ ਹੋ ਕੇ ਜੀਵਨ ਜਿਊਣ ਦੀ ਪ੍ਰਬਲ ਇੱਛਾ ਪ੍ਰਗਟ ਹੋਈ ਹੈ। ਇਸ ਕਵਿਤਾ ਵਿੱਚ ਕਵੀ ਨੇ ਪ੍ਰਤੀਕਾਤਮਕਤਾ ਢੰਗ ਨਾਲ ਮਨੁੱਖ ਨੂੰ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ ਹੈ। ਕਵੀ ਜ਼ਿੰਦਗੀ ਦੇ ਪਾਣੀ ਦੇ ਨਿਰੰਤਰ ਵਗਦੇ ਰਹਿਣ ਦੀ ਕਾਮਨਾ ਕਰਦਾ ਹੈ ਕਿਉਂਕਿ ਉਹ ਇਸ ਦੀ ਨਿਰੰਤਰਤਾ ਵਿੱਚ ਹੀ ਇਸ ਦੀ ਤਾਜ਼ਗੀ ਤੇ ਵਿਕਾਸ ਵੇਖਦਾ ਹੈ।

**ਵਿਆਖਿਆ :-** ਕਵੀ ਕਹਿੰਦਾ ਹੈ ਕਿ ਜ਼ਿੰਦਗੀ ਦੇ ਪਾਣੀ ਹਮੇਸ਼ਾਂ ਵਗਦੇ ਹੀ ਰਹਿਣੇ ਚਾਹੀਦੇ ਹਨ ਕਿਉਂਕਿ ਇਹ ਵਗਦੇ ਹੀ ਸੋਹਣੇ ਲੱਗਦੇ ਹਨ। ਜੇਕਰ ਇਹ ਖੜ੍ਹੇ ਜਾਣ, ਤਾਂ ਇਨ੍ਹਾਂ ਵਿਚ ਵਿਕਾਰ ਪੈਦਾ ਹੋ ਜਾਂਦਾ ਹੈ ਤੇ ਇਹ ਬੋ ਮਾਰਨ ਲੱਗ

ਪੈਂਦੇ ਹਨ। ਇਸ ਕਰਕੇ ਇਹ ਪਾਣੀ ਵਗਦੇ ਹੀ ਰਹਿਣੇ ਚਾਹੀਦੇ ਹਨ। ਕਵੀ ਦਾ ਭਾਵ ਹੈ ਕਿ ਮਨੁੱਖੀ ਜ਼ਿੰਦਗੀ ਵਿੱਚ ਦੁੱਖ-ਸੁੱਖ, ਜਿੱਤ-ਹਾਰ, ਸੰਘਰਸ਼ ਤੇ ਉੱਥਲ-ਪੁੱਥਲ, ਸਦਾ ਹੀ ਰਹਿਣੀ ਚਾਹੀਦੀ ਹੈ ਕਿਉਂਕਿ ਇਹ ਇਸ ਦੀ ਨਿਰੰਤਰ ਸਜੀਵਤਾ ਤੇ ਵਿਕਾਸ ਦੀ ਨਿਸ਼ਾਨੀ ਹੈ। ਜੇਕਰ ਇਸ ਵਿੱਚੋਂ ਇਹ ਚੀਜ਼ਾਂ ਨਾ ਹੋਣ ਤਾਂ ਇਸ ਦੀ ਹਾਲਤ ਖੜ੍ਹੇ ਪਾਣੀ ਵਾਲੀ ਹੋ ਜਾਵੇਗੀ, ਜੋ ਗੰਦਾ ਹੋ ਜਾਵੇਗਾ ਉਸ ਦਾ ਕੋਈ ਸੁਹੱਪਣ ਨਹੀਂ ਰਹੇਗਾ ਤੇ ਉਹ ਸੜਾਂਦ ਮਾਰਨ ਲੱਗ ਪਵੇਗਾ, ਜੋ ਕਿ ਵਿਕਾਰ ਤੇ ਮੌਤ ਦੀ ਨਿਸ਼ਾਨੀ ਹੈ ।

**ਜਿੰਦਾਂ ਮਿਲੀਆਂ ਹੀ ਰਹਿਣ,**
**ਕਿ ਮਿਲੀਆਂ ਜੀਂਦੀਆਂ ਨੇ,**
**ਵਿਛੜਿਆਂ ਮਰਦੀਆਂ ਨੇ,**
**ਕਿ ਜਿੰਦਾਂ ਮਿਲੀਆਂ ਹੀ ਰਹਿਣ।**

**ਪ੍ਰਸੰਗ :-** ਇਹ ਕਾਵਿ-ਬੰਦ ਪੁਸਤਕ 'ਲਾਜ਼ਮੀ ਪੰਜਾਬੀ- 12' ਵਿੱਚ ਸੰਗ੍ਰਹਿਤ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਲਿਖੀ ਹੋਈ ਕਵਿਤਾ 'ਵਗਦੇ ਪਾਣੀ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਗਤੀਸ਼ੀਲ ਹੋ ਕੇ ਜੀਵਨ ਜਿਉਣ ਦੀ ਪ੍ਰਬਲ ਇੱਛਾ ਪ੍ਰਗਟ ਹੋਈ ਹੈ। ਇਸ ਕਵਿਤਾ ਵਿੱਚ ਕਵੀ ਨੇ ਪ੍ਰਤੀਕਾਤਮਕਤਾ ਢੰਗ ਨਾਲ ਮਨੁੱਖ ਨੂੰ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ ਹੈ। ਕਵੀ ਜ਼ਿੰਦਗੀ ਦੇ ਪਾਣੀ ਦੇ ਨਿਰੰਤਰ ਵਗਦੇ ਰਹਿਣ ਦੀ ਕਾਮਨਾ ਕਰਦਾ ਹੈ ਕਿਉਂਕਿ ਉਹ ਇਸ ਦੀ ਨਿਰੰਤਰਤਾ ਵਿੱਚ ਹੀ ਇਸ ਦੀ ਤਾਜ਼ਗੀ ਤੇ ਵਿਕਾਸ ਵੇਖਦਾ ਹੈ।

**ਵਿਆਖਿਆ :-** ਕਵੀ ਕਹਿੰਦਾ ਹੈ ਕਿ ਮਨੁੱਖੀ ਜ਼ਿੰਦਗੀਆਂ ਆਪਸ ਵਿੱਚ ਮਿਲ ਕੇ ਇੱਕ-ਮਿੱਕ ਹੋਈਆਂ ਰਹਿਣੀਆਂ ਚਾਹੀਦੀਆਂ ਹਨ। ਜਿਸ ਤਰ੍ਹਾਂ ਵਗਦੇ ਪਾਣੀ ਆਪਸ ਵਿੱਚ ਇੱਕ-ਮਿੱਕ ਹੋਏ ਰਹਿੰਦੇ ਹਨ। ਮਨੁੱਖੀ ਜ਼ਿੰਦਗੀਆਂ ਆਪਸ ਵਿੱਚ ਇੱਕ-ਮਿੱਕ ਰਹਿ ਕੇ ਸਹੀ ਅਰਥਾਂ ਵਿੱਚ ਜਿਊਂਦੀਆਂ ਰਹਿ ਸਕਦੀਆਂ ਹਨ। ਉਹ ਇੱਕ-ਦੂਜੀ ਤੋਂ ਵਿਛੜ ਕੇ ਅਲੱਗ ਹੋਈਆਂ ਪਰਾਧੀਨ ਹੋ ਜਾਣਗੀਆਂ, ਜੋ ਕਿ ਉਨ੍ਹਾਂ ਦੀ ਇੱਕ ਤਰ੍ਹਾਂ ਦੀ ਮੌਤ ਹੁੰਦੀ ਹੈ। ਇਸ ਕਰਕੇ ਮਨੁੱਖੀ ਜਿੰਦੜੀਆਂ ਇੱਕ-ਮਿੱਕ ਹੀ ਰਹਿਣੀਆਂ ਚਾਹੀਦੀਆਂ ਹਨ।

ਰੂਹਾਂ ਉਡਦੀਆਂ ਹੀ ਰਹਿਣ,
ਇਹ ਉੱਡਿਆਂ ਚੜ੍ਹਦੀਆਂ ਨੇ,
ਅਟਕਿਆਂ ਡਿਗਦੀਆਂ ਨੇ,
ਕਿ ਰੂਹਾਂ ਉਡਦੀਆਂ ਹੀ ਰਹਿਣ।

**ਪ੍ਰਸੰਗ :-** ਇਹ ਕਾਵਿ-ਬੰਦ ਪੁਸਤਕ 'ਲਾਜ਼ਮੀ ਪੰਜਾਬੀ- 12' ਵਿੱਚ ਸੰਗ੍ਰਹਿਤ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਲਿਖੀ ਹੋਈ ਕਵਿਤਾ 'ਵਗਦੇ ਪਾਣੀ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਗਤੀਸ਼ੀਲ ਹੋ ਕੇ ਜੀਵਨ ਜਿਊਣ ਦੀ ਪ੍ਰਬਲ ਇੱਛਾ ਪ੍ਰਗਟ ਹੋਈ ਹੈ। ਇਸ ਕਵਿਤਾ ਵਿੱਚ ਕਵੀ ਨੇ ਪ੍ਰਤੀਕਾਤਮਕਤਾ ਢੰਗ ਨਾਲ ਮਨੁੱਖ ਨੂੰ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ ਹੈ। ਕਵੀ ਜ਼ਿੰਦਗੀ ਦੇ ਪਾਣੀ ਦੇ ਨਿਰੰਤਰ ਵਗਦੇ ਰਹਿਣ ਦੀ ਕਾਮਨਾ ਕਰਦਾ ਹੈ ਕਿਉਂਕਿ ਉਹ ਇਸ ਦੀ ਨਿਰੰਤਰਤਾ ਵਿੱਚ ਹੀ ਇਸ ਦੀ ਤਾਜ਼ਗੀ ਤੇ ਵਿਕਾਸ ਵੇਖਦਾ ਹੈ।

**ਵਿਆਖਿਆ :-** ਕਵੀ ਕਹਿੰਦਾ ਹੈ ਕਿ ਮਨੁੱਖੀ ਰੂਹਾਂ ਸਦਾ ਉੱਚੀਆਂ ਉਡਾਰੀਆਂ ਮਾਰਨ ਦੇ ਯਤਨ ਵਿੱਚ ਹੀ ਲੱਗੀਆਂ ਰਹਿਣ। ਉੱਚੀਆਂ ਉਡਾਰੀਆਂ ਮਾਰਨ ਨਾਲ ਉਹ ਉੱਚੇ ਨਿਸ਼ਾਨਿਆਂ ਦੀ ਪ੍ਰਾਪਤੀ ਕਰਦਿਆਂ ਵਿਕਾਸ ਦੇ ਅਗਲੇ ਪੜਾਅ ਪਾਰ ਕਰਦੀਆਂ ਹਨ। ਜੇਕਰ ਉਹ ਉੱਚੀਆਂ ਉਡਾਰੀਆਂ ਦੇ ਯਤਨ ਕਰਨ ਤੋਂ ਰੁਕ ਜਾਣ ਤਾਂ ਉਹ ਗਿਰਾਵਟ ਦੀ ਡੂੰਘੀ ਖੱਡ ਵਿੱਚ ਜਾ ਡਿੱਗਦੀਆਂ ਹਨ। ਇਸ ਕਰਕੇ ਕਵੀ ਮੁੜ-ਮੁੜ ਇਹ ਕਾਮਨਾ ਕਰਦਾ ਹੈ ਕਿ ਮਨੁੱਖੀ ਰੂਹਾਂ ਉੱਚੇ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਉਡਾਰੀਆਂ ਮਾਰਦੀਆਂ ਹੀ ਰਹਿਣ।

ਤੇ ਮੈਂ ਟੁਰਦਾ ਹੀ ਰਹਾਂ,
ਕਿ ਟੁਰਿਆਂ ਵਧਦਾ ਹਾਂ,
ਖਲੋਇਆਂ ਘਟਨਾ ਹਾਂ,
ਕਿ ਹਾਂ, ਮੈਂ ਟੁਰਦਾ ਹੀ ਰਹਾਂ।

**ਪ੍ਰਸੰਗ :-** ਇਹ ਕਾਵਿ-ਬੰਦ ਪੁਸਤਕ 'ਲਾਜ਼ਮੀ ਪੰਜਾਬੀ- 12' ਵਿੱਚ ਸੰਗ੍ਰਹਿਤ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਲਿਖੀ ਹੋਈ ਕਵਿਤਾ 'ਵਗਦੇ ਪਾਣੀ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਗਤੀਸ਼ੀਲ ਹੋ ਕੇ ਜੀਵਨ ਜਿਊਣ ਦੀ ਪ੍ਰਬਲ ਇੱਛਾ ਪ੍ਰਗਟ ਹੋਈ ਹੈ। ਇਸ ਕਵਿਤਾ ਵਿੱਚ ਕਵੀ ਨੇ ਪ੍ਰਤੀਕਾਤਮਕਤਾ ਢੰਗ ਨਾਲ ਮਨੁੱਖ ਨੂੰ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ ਹੈ। ਕਵੀ ਜ਼ਿੰਦਗੀ ਦੇ ਪਾਣੀ ਦੇ ਨਿਰੰਤਰ ਵਗਦੇ ਰਹਿਣ ਦੀ ਕਾਮਨਾ ਕਰਦਾ ਹੈ ਕਿਉਂਕਿ ਉਹ ਇਸ ਦੀ ਨਿਰੰਤਰਤਾ ਵਿੱਚ ਹੀ ਇਸ ਦੀ ਤਾਜ਼ਗੀ ਤੇ ਵਿਕਾਸ ਵੇਖਦਾ ਹੈ।

**ਵਿਆਖਿਆ :-** ਕਵੀ ਆਪਣੇ ਲਈ ਕਾਮਨਾ ਕਰਦਾ ਹੈ ਕਿ ਉਹ ਆਪਣੀ ਮੰਜ਼ਿਲ ਦੀ ਪ੍ਰਾਪਤੀ ਲਈ ਹਮੇਸ਼ਾ ਤੁਰਦਾ ਹੀ ਰਹੇ ਕਿਉਂਕਿ ਤੁਰਨ ਨਾਲ ਹੀ ਉਹ ਅੱਗੇ ਵੱਧਦਾ ਰਹਿ ਸਕਦਾ ਹੈ। ਉਹ ਕਦੀ ਵੀ ਰੁਕਣਾ ਨਹੀਂ ਚਾਹੁੰਦੇ। ਰੁਕਣ ਨਾਲ ਉਸ ਦਾ ਵਿਕਾਸ ਨਹੀਂ ਹੁੰਦਾ ਸਗੋਂ ਉਹ ਪਤਨ ਵੱਲ ਜਾਂਦਾ ਹੈ। ਇਸ ਤਰ੍ਹਾਂ ਉਸ ਦਾ ਕੋਈ ਵਾਧਾ ਨਹੀਂ ਹੁੰਦਾ ਸਗੋਂ ਉਸ ਦਾ ਘਟਾਉ ਹੁੰਦਾ ਹੈ। ਇਸ ਕਰਕੇ ਉਹ ਵਾਰ-ਵਾਰ ਇਹ ਕਾਮਨਾ ਕਰਦਾ ਹੈ ਕਿ ਉਹ ਆਪਣੀ ਮੰਜ਼ਿਲ ਵੱਲ ਹਮੇਸ਼ਾ ਤੁਰਦਾ ਹੀ ਰਹੇ।

**੧. ਵਸਤੂਨਿਸ਼ਠ ਪ੍ਰਸ਼ਨ:-**

**(ੳ) 'ਪੰਜਾਬੀ ਲਾਜ਼ਮੀ' ਪੁਸਤਕ ਵਿੱਚ ਸ਼ਾਮਲ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ ਦਾ ਨਾਂ ਲਿਖੋ ?**

ਉੱਤਰ :- ਵਗਦੇ ਪਾਣੀ

**(ਅ) 'ਵਗਦੇ ਪਾਣੀ' ਕਵਿਤਾ ਦਾ ਰਚੈਤਾ ਕੌਣ ਹੈ ?**

ਉੱਤਰ :- ਡਾ. ਦੀਵਾਨ ਸਿੰਘ ਕਾਲੇਪਾਣੀ

**(ੲ) ਖੜ੍ਹੇ ਪਾਣੀ ਨਾਲ ਕੀ ਵਾਪਰਦਾ ਹੈ ?**

ਉੱਤਰ :- ਬੋ ਆਉਣ ਲੱਗ ਪੈਂਦੀ ਹੈ।

**(ਸ) 'ਵਗਦੇ ਪਾਣੀ' ਕਵਿਤਾ ਅਨੁਸਾਰ ਵਿਛੜਣ ਨਾਲ ਜ਼ਿੰਦਾਂ ਮਰ ਜਾਂਦੀਆਂ ਹਨ।**

**(ਸਹੀ /ਗਲਤ)**

ਉੱਤਰ :- ਗਲਤ

**(ਹ) ਰੂਹਾਂ ਅਟਕਣ ਨਾਲ ਡਿੱਗਦੀਆਂ ਨਹੀਂ।**

**( ਹਾਂ /ਨਹੀਂ )**

ਉੱਤਰ :- ਹਾਂ

(ਕ) ਕਿ ਟੁਰਿਆਂ ................ਹਾਂ

ਖਲੋਇਆਂ.....................ਹਾਂ।

ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ ਦੇ ਮੱਦੇ-ਨਜ਼ਰ ਉਕਤ ਖ਼ਾਲੀ ਥਾਵਾਂ ਭਰੋ।

ਉੱਤਰ :- ਕਿ ਟੁਰਿਆਂ ਵਧਦਾ ਹਾਂ।

ਖਲੋਇਆਂ ਘਟਦਾ ਹਾਂ।

(ਖ) ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ 'ਵਗਦੇ ਪਾਣੀ' 'ਚ ਕਿਹੜਾ ਭਾਵ ਪ੍ਰਬਲ ਰੂਪ 'ਚ ਪ੍ਰਗਟ ਹੋਇਆ ਹੈ-

(ੳ) ਗਤੀਸ਼ੀਲ ਜੀਵਨ ਦਾ

(ਅ) ਰੋਮਾਂਚਿਕ ਜੀਵਨ ਦਾ

(ੲ) ਕੁਦਰਤੀ ਜੀਵਨ ਦਾ

(ਸ) ਨਿੱਜੀ ਜੀਵਨ ਦਾ

ਉੱਤਰ :- ਗਤੀਸ਼ੀਲ ਜੀਵਨ ਦਾ

੨. ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ 'ਵਗਦੇ ਪਾਣੀ' ਦਾ ਕੇਂਦਰੀ ਭਾਵ ਲਿਖੋ।

ਉੱਤਰ :- 'ਵਗਦੇ ਪਾਣੀ' ਕਵਿਤਾ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਰਚਨਾ ਹੈ। ਇਸ ਕਵਿਤਾ ਵਿੱਚ ਗਤੀਸ਼ੀਲ ਹੋ ਕੇ ਜੀਵਨ ਜਿਉਣ ਦੀ ਪ੍ਰਬਲ ਇੱਛਾ ਪ੍ਰਗਟ ਹੋਈ ਹੈ। ਇਸ ਕਵਿਤਾ ਵਿੱਚ ਕਵੀ ਨੇ ਪ੍ਰਤੀਕਾਤਮਕਤਾ ਢੰਗ ਨਾਲ ਮਨੁੱਖ ਨੂੰ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ ਹੈ। ਕਵੀ ਜ਼ਿੰਦਗੀ ਦੇ ਪਾਣੀ ਦੇ ਨਿਰੰਤਰ ਵਗਦੇ ਰਹਿਣ ਦੀ ਕਾਮਨਾ ਕਰਦਾ ਹੈ ਕਿਉਂਕਿ ਉਹ ਇਸ ਦੀ ਨਿਰੰਤਰਤਾ ਵਿੱਚ ਹੀ ਇਸ ਦੀ ਤਾਜ਼ਗੀ ਤੇ ਵਿਕਾਸ ਵੇਖਦਾ ਹੈ। ਇਸ ਕਵਿਤਾ ਦਾ ਕੇਂਦਰੀ ਭਾਵ ਹੇਠ ਲਿਖੇ ਅਨੁਸਾਰ ਹੈ:-

ਜ਼ਿੰਦਗੀ ਦਾ ਪਾਣੀ ਹਮੇਸ਼ਾ ਚੱਲਦਾ ਰਹਿਣਾ ਚਾਹੀਦਾ ਹੈ ਕਿਉਂਕਿ ਇਸ ਦੇ ਚੱਲਦੇ ਰਹਿਣ ਵਿੱਚ ਹੀ ਇਸ ਦੀ ਤਾਜ਼ਗੀ ਤੇ ਵਿਕਾਸ ਹੈ। ਮਨੁੱਖੀ ਜਿੰਦੜੀਆਂ ਦੀ ਏਕਤਾ ਹੀ ਉਨ੍ਹਾਂ ਨੂੰ ਜਿਊਂਦੇ ਰੱਖਦੀ ਹੈ ਤੇ ਉਨ੍ਹਾਂ ਦੀਆਂ ਰੂਹਾਂ ਦੀਆਂ ਉਡਾਰੀਆਂ ਉਨ੍ਹਾਂ ਨੂੰ ਵਿਕਾਸ ਦੀਆਂ ਉੱਚੀਆਂ ਮੰਜ਼ਿਲਾਂ ਤੇ ਪਹੁੰਚਾਉਂਦੀਆਂ ਹਨ।

ਤਿਆਰ ਕਰਤਾ

ਸੰਦੀਪ ਸਿੰਘ ਪੰਜਾਬੀ ਮਾਸਟਰ

ਸਰਕਾਰੀ ਹਾਈ ਸਕੂਲ ਭਿੰਡੀ ਔਲਖ (ਅੰਮ੍ਰਿਤਸਰ )

8437626373

